Exam.Code:0028
Sub. Code: 0921

1057

Bachelor of Computer Applications
Second Semester
BCA-202: Punjabi (Compulsory) Old
(As per syllabus – 2016)

Time allowed: 3 Hours

Max. Marks: 45

*x-x-x*

---

ਨੋਟ:

I ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: 5

ਕੀ ਪੁੱਛ ਕਿਉਂ ਹਾਲ ਫ਼ਕੀਰਾਂ ਦਾ।
ਸਾਡਾ ਨਦੀ ਉਂ ਵਿਛੜੇ ਨੀਹਾਂ ਦਾ।
ਸਾਡਾ ਹੰਝ ਦੀ ਜੂਨੇ ਆਇਆਂ ਦਾ
ਸਾਡਾ ਦਿਲ ਜਲਿਆਂ ਦਿਲਗੀਰਾਂ ਦਾ।

ਜਾਂ

ਮੇਰਾ ਰਾਹ ਮੁੱਕਦਾ ਗਿਆ,
ਤੇਰਾ ਰੋਣਾ ਪਹਿਲਾਂ ਨਾਲੋਂ ਹੋਰ ਉੱਚਾ ਹੋ ਗਿਆ।
ਦੂਰ, ਦਿੱਲੀ ਤਕ ਤੇ ਫਿਰ ਇਸ ਤੋਂ ਵੀ ਬਾਦ-
ਤਰੀਆਂ ਹੀ ਸਿਸਕੀਆਂ ਦੀ ਚਾਪ ਮੈਂ ਸੁਣਦਾ ਰਿਹਾ
ਜਿਸ ਤਰ੍ਹਾਂ ਤੂੰ ਆ ਰਹੀ ਹੋਵੇ ਮੇਰੇ ਹੀ ਨਾਲ ਨਾਲ
ਉਦੋਂ, ਜਦ ਤੁਰਿਆ ਸਾਂ ਮੈਂ ਪਰਦੇਸ ਨੂੰ।

II ਕਿਸੇ ਦੋ ਕਵਿਤਾਵਾਂ ਦਾ ਸਾਰ ਅਤੇ ਕੇਂਦਰੀ ਭਾਵ ਲਿਖੋ: (ਦੋ ਵਿਚੋਂ ਇਕ) 5
ਸਭ ਤੋਂ ਖਤਰਨਾਕ ਜਾਂ ਅਸਾਂ ਤਾਂ ਜੋਬਨ ਰੁੱਤੇ ਮਰਨਾ

III ਹੇਠ ਲਿਖੇ ਗਦ ਟੁਕੜਿਆਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:- "ਵੇ ਮੋਹਵਿਆਂ! ਸਾਨੂੰ ਲੋਕਾਂ ਵਾਂਗ ਤੋਤਕੜੇ ਤਾਂ ਘੜਨੇ ਨਹੀਂ ਆਉਂਦੇ, ਤੂੰ ਆਪੇ ਲਿਖਦੇ ਜਿਹੜੀ ਗੱਲ ਤੈਨੂੰ ਚੰਗੀ ਲਗਦੀ ਐ। ਵਿਚ ਸਾਡੀ ਰਾਮ ਸਤ ਜ਼ਰੂਰ ਲਿਖ ਦੇਣੀ"। 5

ਜਾਂ

ਜੇ ਬਹੁਤੀ ਗੱਲ ਐ............. ਤਾਂ ਬੁੱਢੜੀ ਦੇ ਫੁੱਲ ਤੁਸੀਂ ਗੰਗਾ ਪਾ ਆਓ ਤੇ ਬੁੱਢੜਾ ਬੈਠਾ ਤੁਹਾਡੇ ਸਾਹਮਣੇ ਜਿਉਂਦਾ ਜਾਗਦਾ ............... ਇਹਦੇ ਮੈਂ ਕੱਲਾ ਈ ਗੰਗਾ ਪਾ ਆਊ.........।

IV. ਕਿਸੇ ਇਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿਚ ਕਰੋ। ਬਾਕੀ ਸਭ ਸੁੱਖ ਸਾਂਦ ਹੈ ਜਾਂ ਆਪਣਾ ਆਪਣਾ ਹਿੱਸਾ। 5

V. ਕਿਸੇ ਇਕ ਸਾਹਿਤਕਾਰ ਦਾ ਜੀਵਨ ਅਤੇ ਸਾਹਿਤਕ ਯੋਗਦਾਨ ਬਾਰੇ ਲਿਖੋ। 10
ਸੁਰਜੀਤ ਪਾਤਰ ਜਾਂ ਸੁਖਵੰਤ ਕੌਰ ਮਾਨ

VI. ਹੇਠ ਲਿਖੇ ਪਹਿਰੇ ਨੂੰ ਪੜ੍ਹਕੇ ਪ੍ਰਸ਼ਨਾਂ ਦੇ ਉੱਤਰ ਦਿਉ ਤੇ ਲਕੀਰੇ ਸ਼ਬਦਾਂ ਦੇ ਅਰਥ ਵੀ ਦੱਸੋ: 10

ਆਪਣਾ ਰਾਜ ਆਉਣ ਤੇ ਬਾਅਦ ਆਮ ਲੋਕਾਂ ਵਿੱਚ ਵੀ ਸੋਝੀ ਆਈ ਹੈ। ਪੜ੍ਹਿਆ ਲਿਖਿਆ ਵਰਗ ਵਧੇਰੇ ਚੇਤੰਨ ਅਤੇ ਸੋਝੀਵਾਨ ਹੋ ਗਿਆ ਹੈ। ਵਿਦਿਆਰਥੀਆਂ ਦੇ ਦਿਲਾਂ ਵਿੱਚ ਇਹ ਗੱਲ ਬਹਿ ਗਈ ਹੈ ਕਿ ਸਾਡੇ ਆਗੂ ਅਤੇ ਸ਼ਾਸਕਾਂ ਨੂੰ ਵਿਦਿਆਰਥੀਆਂ ਦਾ ਤਾਂ ਕੀ ਦੇਸ਼ ਦਾ ਭਵਿੱਖ ਬਣਾਉਣ ਦਾ ਹੀ ਕੋਈ ਖਿਆਲ ਨਹੀਂ। ਜਨਤਾ ਦੇ ਪ੍ਰਤੀਨਿਧ ਬਹੁਤ ਜਿਆਦਾ ਚਰਿੱਤਰਹੀਣ ਅਤੇ ਭ੍ਰਸ਼ਆਚਾਰੀ ਹੋ ਗਏ ਹਨ। ਅਸੂਲਾਂ ਦੀ ਖਾਤਰ ਨਹੀਂ, ਗੱਦੀਆਂ ਦੇ ਲਾਲਚ ਅਤੇ ਸੁਆਰਥ ਦੀ ਖਾਤਰ ਵੱਡੇ ਪੈਮਾਨੇ ਉਤੇ ਦਲ ਬਦਲੀ ਹੋ ਰਹੀ ਹੈ। ਇਹ ਸਭ ਕੁਝ ਦੇਖ ਵਿਦਿਆਰਥੀ ਨਿਰਾਸ਼ ਅਤੇ ਉਪਰਾਮ ਹੋ ਗਏ ਹਨ। ਜਿਹੜੇ ਆਗੂ ਸੱਤ੍ਹਾਂ ਵਿੱਚ ਨਹੀਂ, ਉਹ ਇਹਨਾਂ ਦੀ ਵਰਤੋਂ ਕਰਕੇ ਆਪਣਾ ਸੁਆਰਥ ਪੂਰਾ ਕਰਨਾ ਚਾਹੁੰਦੇ ਹਨ। ਵਿਦਿਆਰਥੀਆਂ ਨੂੰ ਸੁਚੇਤ ਰਹਿਣ ਦੀ ਲੋੜ ਹੈ।

ਉਪਰੋਕਤ ਪੈਰ੍ਹੇ ਪੜ੍ਹਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:

(ੳ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਓ।

(ਅ) ਕਾਲੇ ਸ਼ਬਦਾਂ ਦੇ ਅਰਥ ਲਿਖੋ।

(ੲ) ਪੈਰ੍ਹੇ ਵਿੱਚ ਆਏ ਦੋ ਵਿਸ਼ੇਸ਼ਣ ਅਤੇ ਦੋ ਕ੍ਰਿਆਵਾਂ ਦੱਸੋ।

(ਸ) ਵਿਦਿਆਰਥੀ ਵਰਗ ਨਿਰਾਸ਼ ਕਿਉਂ ਹੈ?

(ਹ) ਨੇਤਾ ਦਲਬਦਲੀ ਕਿਉਂ ਕਰਦੇ ਹਨ?

VII. ਕੋਈ ਪੰਜ ਮੁਹਾਵਰਿਆਂ ਦੇ ਅਰਥ ਦੱਸਕੇ ਵਾਕਾਂ ਵਿਚ ਵਰਤੋਂ ਕਰੋ:-- ਉੱਨੀ ਇੱਕੀ ਦਾ ਫਰਕ ਹੋਣਾ, ਉੱਲੂ ਸਿੱਧਾ ਕਰਨਾ, ਅੱਗ-ਵਰਨੀ, ਅੱਖਾਂ ਦਾ ਤਾਰਾ, ਇੱਕ ਅੱਖ ਨਾਲ ਵੇਖਣਾ, ਈਨ ਮੰਨਣੀ, ਹੱਥ ਪੀਲੇ ਕਰਨਾ। 5

x-x-x